# ਦੇਸ਼ਭਗਤ ਕੌਣ ਹੈ ?

ਗੁਰਸ਼ਰਨ ਸਿੰਘ

21 ਜੂਨ 1998

ਜਦੋਂ ਦੇਸ਼ ਜੰਗ-ਏ-ਆਜ਼ਾਦੀ ਲੜ ਰਿਹਾ ਸੀ ਤਾਂ ਦੇਸ਼ਭਗਤੀ ਦੀ ਪਹਿਚਾਣ ਕੋਈ ਮੁਸ਼ਕਿਲ ਗੱਲ ਨਹੀਂ ਸੀ। ਆਪਣੇ ਘਰ ਪਰਿਵਾਰ ਦੀ ਪ੍ਰਵਾਹ ਕੀਤੇ ਬਗ਼ੈਰ ਜਿਹੜਾ ਵਿਅਕਤੀ ਇਸ ਜੰਗ ਵਿਚ ਸ਼ਾਮਲ ਹੁੰਦਾ ਸੀ, ਉਹ ਦੇਸ਼ਭਗਤ ਕਹਿਲਾਂਦਾ ਸੀ। ਆਜ਼ਾਦੀ ਤੋਂ ਬਾਅਦ ਦੇਸ਼ਭਗਤੀ ਦਾ ਸਾਰਾ ਸੰਕਲਪ ਬਦਲ ਗਿਆ ਹੈ। ਅੰਗਰੇਜ਼ਾਂ ਦੇ ਵੇਲੇ ਅੰਗਰੇਜ਼ਾਂ ਤੋਂ ਨਿਜ਼ਾਤ ਦੇਸ਼ ਭਗਤੀ ਦਾ ਵੱਡਾ ਮੁੱਦਾ ਸੀ। ਹੁਣ ਕਰੋੜਾਂ ਲੋਕਾਂ ਨੂੰ ਭੁੱਖਮਰੀ ਤੇ ਗਰੀਬੀ ਤੋਂ ਨਿਜ਼ਾਤ ਵੱਡਾ ਮੁੱਦਾ ਹੈ। ਲੋਕ ਕਵੀ ਸੰਤ ਰਾਮ ਉਦਾਸੀ ਆਪਣੇ ਇਕ ਗੀਤ ਵਿਚ ਇਹ ਸਪੱਸ਼ਟ ਨਿਖੇੜਾ ਕਰਦਾ ਹੈ-

ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ,  
ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆ।  
ਅਸਾਂ ਤੋੜ ਦੇਣੀ,  
ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆ।

ਇਥੇ ਆ ਕੇ ਹੀ ਰੱਜੇਪੁੱਜੇ ਲੋਕਾਂ ਦੀ ਸਿਆਸਤ ਅਤੇ ਸਾਧਾਰਨ ਗਰੀਬ ਲੋਕਾਂ ਦੀ ਸਿਆਸਤ ਦਾ ਨਿਖੇੜਾ ਹੁੰਦਾ ਹੈ।

11 ਮਈ 1998 ਤੋਂ ਬਾਅਦ ਹਿੰਦੁਸਤਾਨ ਉਹ ਹਿੰਦੁਸਤਾਨ ਨਹੀਂ ਰਿਹਾ ਜੋ 11 ਮਈ ਤੋਂ ਪਹਿਲਾਂ ਸੀ। ਪ੍ਰਮਾਣੂ ਧਮਾਕਿਆਂ ਨੇ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ ਸਾਡੇ ਸਾਇੰਸਦਾਨਾਂ ਕੋਲ ਉਹ ਜਾਣਕਾਰੀ ਹੈ, ਜੋ ਦੁਨੀਆ ਦੇ ਪੰਜ ਵੱਡੇ ਮੁਲਕਾਂ ਦੇ ਸਾਇੰਸਦਾਨਾਂ ਕੋਲ ਹੈ ਪਰ ਇਹ ਵੀ ਸੱਚਾਈ ਹੈ ਕਿ ਗਰੀਬੀ ਦੇ ਲਿਹਾਜ਼ ਨਾਲ ਅਸੀਂ ਥੱਲਵੇਂ ਅੱਠ-ਦਸ ਮੁਲਕਾਂ ਵਿਚ ਸ਼ੁਮਾਰ ਹੁੰਦੇ ਹਾਂ। ਭਾਰਤ ਦੇ ਕਥਿਤ ਦੇਸ਼ਭਗਤ ਇਸ ਸੱਚਾਈ ਤੋਂ ਅੱਖਾਂ ਬੰਦ ਕਰਨਾ ਚਾਹੁਣਗੇ ਪਰ ਲੋਕ-ਪੱਖੀ ਸ਼ਕਤੀਆਂ ਨੇ ਇਹ ਗੱਲ ਲੋਕਾਂ ਅੱਗੇ ਲਿਆਉਣੀ ਹੈ। 11 ਮਈ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪਿਛਲੇ 50 ਸਾਲ ਅਸੀਂ ਆਪਣਾ ਸਾਰਾ ਧਿਆਨ ਜੰਗੀ ਸ਼ਕਤੀ ਵਧਾਉਣ 'ਤੇ ਹੀ ਲਾਈ ਰੱਖਿਆ ਹੈ। ਦੇਸ਼ ਦੇ ਕਰੋੜਾਂ ਲੋਕਾਂ ਨੂੰ ਦਰਪੇਸ਼ ਮਸਲਿਆਂ ਵੱਲ ਅਸੀਂ ਧਿਆਨ ਨਹੀਂ ਦਿੱਤਾ। ਅਸੀਂ ਆਪਣੇ ਲੋਕਾਂ ਲਈ ਜੀਣ ਦੀਆਂ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਨ ਵਿਚ ਮੁਕੰਮਲ ਤੌਰ 'ਤੇ ਕੁਤਾਹੀ ਵਰਤੀ ਹੈ। ਆਪਣੇ ਕਰੋੜਾਂ ਲੋਕਾਂ ਲਈ ਨਾ ਚੰਗਾ ਪੀਣ ਦਾ ਪਾਣੀ ਮੁਹੱਈਆ ਕੀਤਾ ਹੈ ਅਤੇ ਨਾ ਚੰਗਾ ਰਹਿਣ-ਸਹਿਣ ਮੁਹੱਈਆ ਕੀਤਾ ਹੈ। ਇਸ ਨੂੰ ਇਕ ਨਾਮੁਮਕਿਨ ਕੰਮ ਕਰਾਰ ਦੇ ਕੇ ਪ੍ਰਾਸਾ ਵੱਟ ਗਏ। 11 ਮਈ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜੇਕਰ ਇਰਾਦਾ ਹੋਵੇ ਤਾਂ ਅਸੀਂ ਇਸ ਨਾਮੁਮਕਿਨ ਕੰਮ ਨੂੰ ਮੁਮਕਿਨ ਕਰ ਸਕਦੇ ਸਾਂ। ਵਧਦੀ ਅਬਾਦੀ ਤਾਂ ਇਕ ਬਹਾਨਾ ਸੀ। 11 ਮਈ ਨੇ ਮੁੱਦਿਆਂ 'ਤੇ ਅਧਾਰਤ ਸਿਆਸਤ ਵਿਚ ਨਿਖੇੜਾ ਕੀਤਾ ਹੈ।

ਕਥਿਤ ਦੇਸ਼ ਭਗਤਾਂ ਵੱਲੋਂ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਦੇਸ਼ ਦੀ ਸੁਰੱਖਿਆ ਲਈ ਇਹ ਪ੍ਰਮਾਣੂ ਧਮਾਕੇ ਇਕ ਜ਼ਰੂਰਤ ਸੀ। ਜੇ ਦੇਸ਼ ਹੀ ਨਾ ਰਿਹਾ ਤਾਂ ਉਹਦੇ ਲੋਕ ਕੀ ਅਰਥ ਰੱਖਦੇ ਹਨ ? ਅੱਗੋਂ ਸਾਡਾ ਸਵਾਲ ਕਰਨਾ ਬਣਦਾ ਹੈ ਕਿ ਦੇਸ਼ ਨੂੰ ਖ਼ਤਰਾ ਕਿਨ੍ਹਾਂ ਕੋਲੋਂ ਹੈ ? ਕੀ ਪਾਕਿਸਤਾਨ ਅਤੇ ਚੀਨ ਨਾਲ ਸਾਡੇ ਇਕੋ ਜਿਹੇ ਮਸਲੇ ਹਨ ਜੋ ਜੰਗ ਦੇ ਬਿਨਾ ਹੱਲ ਨਹੀਂ ਹੋ ਸਕਦੇ ? ਇਹਦਾ ਸਾਡੇ ਵੱਲੋਂ ਸਪੱਸ਼ਟ ਜਵਾਬ ਹੈ ਕਿ ਇਹ ਹੱਲ ਹੋ ਸਕਦੇ ਹਨ। ਕਸ਼ਮੀਰ ਬਾਰੇ ਲੋਕਾਂ ਦੀ ਰਾਏਸ਼ੁਮਾਰੀ ਸਾਡੀ 1948 ਤੋਂ ਵਚਨਬੱਧੀ ਹੈ। ਅੰਤਰਰਾਸ਼ਟਰੀ ਹਾਲਾਤ ਬਦਲਣ ਨਾਲ ਇਹ ਵਚਨਬੱਧੀ ਜੇ ਨਹੀਂ ਨਿਭਾਈ ਜਾ ਸਕਦੀ ਸੀ ਤਾਂ ਵੀ ਕੋਈ ਨਾ ਕੋਈ ਰਾਹ ਲੱਭਿਆ ਜਾ ਸਕਦਾ ਹੈ। ਚੀਨ ਨਾਲ ਲਗਦੇ ਜਿਹੜੇ ਬਗ਼ੈਰ ਵਸੋਂ ਦੇ ਬਰਫਾਨੀ ਸਰਹੱਦੀ ਇਲਾਕੇ ਹਨ, ਉਨ੍ਹਾਂ ਬਾਰੇ ਵੀ ਰਾਹ ਲੱਭਿਆ ਜਾ ਸਕਦਾ ਹੈ। ਅਸਲੀ ਦੇਸ਼ਭਗਤੀ ਇਹੋ ਹੈ ਕਿ ਕਰੋੜਾਂ ਲੋਕਾਂ ਦੇ ਹਿੱਤ ਵਾਸਤੇ ਇਹ ਸੁਲਾਹ ਸਫਾਈ ਵਾਲਾ ਰਾਹ ਲੱਭਿਆ ਜਾਵੇ। ਐਵੇਂ ਕੌਮੀ ਸ਼ਾਵਨਵਾਦ ਨਾ ਭੜਕਾਇਆ ਜਾਵੇ। ਅਰਬਾਂ, ਖ਼ਰਬਾਂ ਰੁਪਏ ਇਹ ਮਸਲੇ ਹੱਲ ਨਾ ਹੋਣ ਕਰਕੇ ਸਾਡੇ ਲਗ ਰਹੇ ਹਨ ਤੇ ਨਤੀਜੇ ਵਜੋਂ ਸਾਡੇ ਕਰੋੜਾਂ ਲੋਕ ਨਰਕਾਂ ਦਾ ਜੀਣਾ ਜੀਅ ਰਹੇ ਹਨ। ਅੱਜ ਦੇਸ਼ਭਗਤੀ ਦੀ ਪ੍ਰੀਭਾਸ਼ਾ ਇਕੋ ਤੇ ਸਿਰਫ਼ ਇਕੋ ਹੈ ਕਿ ਦੇਸ਼ ਵਿਚ ਰਹਿ ਰਹੇ ਲੋਕਾਂ ਦਾ ਭਲਾ ਕਿਸ ਤਰ੍ਹਾਂ ਹੋਵੇਗਾ ? ਰੱਜੇ-ਪੁੱਜੇ ਲੋਕਾਂ ਦੀਆਂ ਜ਼ਿੰਦਗੀ ਦੀਆਂ ਤਰਜੀਹਾਂ ਹੋਰ ਹੋਣਗੀਆਂ ਤੇ ਥੁੜਾਂ ਹੱਥੋਂ ਜ਼ਿੰਦਗੀ ਜੀਅ ਰਹੇ ਲੋਕਾਂ ਦੀਆਂ ਤਰਜੀਹਾਂ ਹੋਰ ਹੋਣਗੀਆਂ। ਰੱਜੇ-ਪੁੱਜੇ ਲੋਕ ਕਹਿਣਗੇ, ਸ਼ਹਿਰ ਦੀ ਖੂਬਸੂਰਤੀ ਲਈ ਚੌਕਾਂ ਤੇ ਫੁਹਾਰੇ ਲਗਾਏ ਜਾਣ। ਗਰੀਬ ਲੋਕ ਕਹਿਣਗੇ ਪਹਿਲੇ ਗਰੀਬ ਬਸਤੀਆਂ ਦਾ ਚਿੱਕੜ ਅਤੇ ਹਨੇਰਾ ਦੂਰ ਕੀਤਾ ਜਾਵੇ। ਇਸੇ ਤਰ੍ਹਾਂ ਰੱਜੇ-ਪੁੱਜੇ ਲੋਕਾਂ ਦੀ ਸਿਆਸਤ ਦੀਆਂ ਜ਼ਰੂਰਤਾਂ ਵੀ ਹੋਰ ਹਨ ਅਤੇ ਗਰੀਬ ਲੋਕਾਂ ਦੀ ਸਿਆਸਤ ਦੀਆਂ ਜ਼ਰੂਰਤਾਂ ਹੋਰ ਹਨ। ਖੱਬੀ ਧਿਰ ਦੀ ਸਿਆਸਤ ਬਿਨਾ ਕਿਸੇ ਕਿੰਤੂ ਵਿੰਤੂ ਕੀਤੇ ਗਰੀਬ ਲੋਕਾਂ ਦੀ ਸਿਆਸਤ ਹੈ। ਬਿਨਾ ਝਿਜਕ ਉਸ ਧਿਰ ਨੂੰ ਆਪਣੀ ਸਿਆਸਤ ਦੀ ਚੋਣ ਕਰਨੀ ਹੈ।

9 ਜੂਨ 1998 ਚੰਡੀਗੜ੍ਹ ਦੀਆਂ ਸੜਕਾਂ 'ਤੇ ਇਕ ਨਾਅਰਾ ਬੁਲੰਦ ਹੋਇਆ।

ਪ੍ਰਮਾਣੂ ਧਮਾਕੇ ਬੰਦ ਕਰੋ  
ਰੋਟੀ ਦਾ ਪ੍ਰਬੰਧ ਕਰੋ।

ਪੰਜਾਬ ਦੀ ਇਨਕਲਾਬੀ ਧਿਰ ਵੱਲੋਂ ਇਕ ਵਿਸ਼ਾਲ ਰੈਲੀ ਵਿਚ ਇਹ ਨਾਅਰਾ ਲੱਗਿਆ। ਦੇਸ਼ ਦੇ ਕਰੋੜਾਂ ਲੋਕਾਂ ਦੇ ਹਿੱਤ ਵਿਚ ਇਹੀ ਨਾਅਰਾ ਹੈ। ਗਰੀਬ ਲੋਕਾਂ ਦੇ ਹਿੱਤਾਂ ਲਈ ਅਵਾਜ਼ ਉਠਾਉਣੀ ਅਤੇ ਸੰਘਰਸ਼ ਕਰਨਾ ਹੀ ਅੱਜ ਵੱਡੀ ਦੇਸ਼ ਭਗਤੀ ਹੈ।

21-6-1998